# ਤਸਦੀਕ ਲਈ ਬੇਨਤੀ

ਕੇਸ ਦਾ ਨਾਮ:

ਕੇਸ ਨੰਬਰ:

ਵਰਕਰ ਦਾ ਨਾਮ:

ਵਰਕਰ ਦਾ ਫੋਨ/ਫੈਕਸ:

ਮਿਤੀ:

ਤੁਸੀਂ ਇਸ ਦੀ ਮੰਗ ਕੀਤੀ ਹੈ: ☐ CalWORKs (CW) ☐ CalFresh (CF) ☐ Medi-Cal (MC)

ਇਹ ਦੇਖਣ ਲਈ ਸਾਨੂੰ ਤੁਹਾਡੇ ਤੋਂ ਸਬੂਤ ਦੀ ਲੋੜ ਹੈ ਕਿ ਕੀ ਤੁਸੀਂ ਨਗਦੀ ਸਹਾਇਤਾ ਜਾਂ ਕੋਈ ਹੋਰ ਬੈਨਿਫ਼ਿਟ ਪ੍ਰਾਪਤ ਕਰ ਸਕਦੇ ਹੋ *(ਜਾਂ ਪ੍ਰਾਪਤ ਕਰਨਾ ਜਾਰੀ ਰੱਖ ਸਕਦੇ ਹੋ)*। ਅਸੀਂ ਉਸ ਜਾਣਕਾਰੀ ਦੀ ਸੂਚੀ ਦਿੱਤੀ ਹੈ ਜਿਸਦੀ ਸਾਨੂੰ ਲੋੜ ਹੈ। ਅਸੀਂ ਉਦੋਂ ਤਕ ਤੁਹਾਡੇ ਬੈਨਿਫ਼ਿਟਾਂ ਨੂੰ ਮਨ੍ਹਾਂ ਜਾਂ ਸਮਾਪਤ ਨਹੀਂ ਕਰਾਂਗੇ ਜਦ ਤਕ ਤੁਸੀਂ ਸਬੂਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋ ਅਤੇ ਜੇ ਤੁਹਾਨੂੰ ਸਮੱਸਿਆ ਆ ਰਹੀਆਂ ਹਨ ਤਾਂ ਸਾਨੂੰ ਦੱਸਦੇ ਹੋ।

| ਨੀਯਤ ਮਿਤੀ | ਆਈ-ਟਮ # | ਆਈਟਮ | ਵਿਅਕਤੀ | ਪ੍ਰੋ-ਗ੍ਰਾਮ | ਉਸ ਖ਼ਾਨੇ 'ਤੇ ਸਹੀ (✔) ਲਗਾਉ ਜੋ ਤੁਹਾਡੇ 'ਤੇ ਲਾਗੂ ਹੁੰਦਾ ਹੈ |
|---|---|---|---|---|---|
| | | | | ☐ CW<br>☐ CF<br>☐ MC | ☐ ਮੇਰੇ ਕੋਲ ਸਬੂਤ ਨਹੀਂ ਹੈ<br>☐ ਮੈਂ ਕੋਸ਼ਿਸ਼ ਕੀਤੀ ਪਰ ਸਬੂਤ ਪ੍ਰਾਪਤ ਨਹੀਂ ਕਰ ਸਕਿਆ/ਸਕੀ<br>☐ ਮੈਂ ਕਿਸੇ ਵਿਅਕਤੀ ਨੂੰ ਜਾਣਦਾ/ਜਾਣਦੀ ਹਾਂ ਜੋ ਇਸ ਜਾਣਕਾਰੀ ਦੀ ਪੁਸ਼ਟੀ ਕਰ ਸਕਦਾ/ਸਕਦੀ ਹੈ<br>☐ ਮੈਂ ਮਦਦ ਪ੍ਰਾਪਤ ਕਰਨ ਲਈ ਰਿਲੀਜ਼ ਫਾਰਮ ਭਰ ਦਿੱਤਾ ਹੈ |
| | | | | ☐ CW<br>☐ CF<br>☐ MC | ☐ ਮੇਰੇ ਕੋਲ ਸਬੂਤ ਨਹੀਂ ਹੈ<br>☐ ਮੈਂ ਕੋਸ਼ਿਸ਼ ਕੀਤੀ ਪਰ ਸਬੂਤ ਪ੍ਰਾਪਤ ਨਹੀਂ ਕਰ ਸਕਿਆ/ਸਕੀ<br>☐ ਮੈਂ ਕਿਸੇ ਵਿਅਕਤੀ ਨੂੰ ਜਾਣਦਾ/ਜਾਣਦੀ ਹਾਂ ਜੋ ਇਸ ਜਾਣਕਾਰੀ ਦੀ ਪੁਸ਼ਟੀ ਕਰ ਸਕਦਾ/ਸਕਦੀ ਹੈ<br>☐ ਮੈਂ ਮਦਦ ਪ੍ਰਾਪਤ ਕਰਨ ਲਈ ਰਿਲੀਜ਼ ਫਾਰਮ ਭਰ ਦਿੱਤਾ ਹੈ |
| | | | | ☐ CW<br>☐ CF<br>☐ MC | ☐ ਮੇਰੇ ਕੋਲ ਸਬੂਤ ਨਹੀਂ ਹੈ<br>☐ ਮੈਂ ਕੋਸ਼ਿਸ਼ ਕੀਤੀ ਪਰ ਸਬੂਤ ਪ੍ਰਾਪਤ ਨਹੀਂ ਕਰ ਸਕਿਆ/ਸਕੀ<br>☐ ਮੈਂ ਕਿਸੇ ਵਿਅਕਤੀ ਨੂੰ ਜਾਣਦਾ/ਜਾਣਦੀ ਹਾਂ ਜੋ ਇਸ ਜਾਣਕਾਰੀ ਦੀ ਪੁਸ਼ਟੀ ਕਰ ਸਕਦਾ/ਸਕਦੀ ਹੈ<br>☐ ਮੈਂ ਮਦਦ ਪ੍ਰਾਪਤ ਕਰਨ ਲਈ ਰਿਲੀਜ਼ ਫਾਰਮ ਭਰ ਦਿੱਤਾ ਹੈ |

ਅਸੀਂ ਸਬੂਤ ਦੀਆਂ ਕਿਸਮਾਂ ਇਸ ਫਾਰਮ ਦੇ ਪਿਛਲੇ ਪਾਸੇ ਦਿੱਤੀਆਂ ਹਨ। ਕਦੇ-ਕਦੇ ਅਸੀਂ ਦੂਸਰੇ ਸਬੂਤ ਸਵੀਕਾਰ ਕਰ ਸਕਦੇ ਹਾਂ। ਜੇ ਤੁਹਾਡੇ ਇਸ ਬਾਰੇ ਪ੍ਰਸ਼ਨ ਹਨ ਕਿ ਕੀ ਤੁਹਾਡੇ ਕੋਲ ਮੌਜੂਦ ਕਿਸੇ ਹੋਰ ਕਿਸਮ ਦਾ ਸਬੂਤ ਸਵੀਕਾਰ-ਯੋਗ ਹੋਵੇਗਾ, ਕਾਉਂਟੀ ਨੂੰ ਕਾਲ ਕਰੋ।

ਜੇ ਤੁਹਾਨੂੰ ਸਬੂਤ ਪ੍ਰਾਪਤ ਕਰਨ ਵਿੱਚ ਸਮੱਸਿਆਵਾਂ ਆ ਰਹੀਆਂ ਹਨ ਤਾਂ ਆਪਣੇ ਵਰਕਰ ਨੂੰ ਦੱਸੋ ਜਾਂ ਕਾਉਂਟੀ ਨੂੰ ਕਾਲ ਕਰੋ। ਅਸੀਂ ਸਬੂਤ ਲੈਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

- ਜੋ ਵੀ ਸਬੂਤ ਤੁਹਾਡੇ ਕੋਲ ਹਨ ਉਹ ਸਾਨੂੰ ਦੇਵੋ।
- ਉੱਪਰ ਉਸ ਖ਼ਾਨੇ ਵਿੱਚ ਸਹੀ ਲਗਾਓ ਜੋ ਉਸਦੇ ਲਈ ਤੁਹਾਡੇ 'ਤੇ ਲਾਗੂ ਹੁੰਦਾ ਹੈ ਜੋ ਤੁਸੀਂ ਪ੍ਰਾਪਤ ਨਹੀਂ ਕਰ ਸਕਦੇ ਹੋ, ਅਤੇ ਇਸ ਫਾਰਮ ਨੂੰ ਵਾਪਸ ਕਰ ਦਿਓ ਜਾਂ ਸਬੂਤ ਦੀ ਨਿਯਤ ਮਿਤੀ ਤੋਂ ਪਹਿਲਾਂ ਕਾਉਂਟੀ ਨੂੰ ਕਾਲ ਕਰੋ।
- ਜੇ ਸਬੂਤ ਪ੍ਰਾਪਤ ਕਰਨ ਵਿੱਚ ਤੁਹਾਨੂੰ ਕਾਉਂਟੀ ਦੀ ਮਦਦ ਦੀ ਲੋੜ ਹੈ, ਤਾਂ "ਜਾਣਕਾਰੀ ਦਾ ਖੁਲਾਸਾ ਕਰਨ ਲਈ ਅਧਿਕਾਰ" ਫਾਰਮ ਭਰੋ ਅਤੇ ਇਹ ਕਾਉਂਟੀ ਨੂੰ ਵਾਪਸ ਕਰ ਦਿਓ।
- **ਸਿਰਫ CalWORKs ਲਈ:** ਜੇ ਸਬੂਤ ਲੈਣ ਲਈ ਲਾਗਤ ਲਗਦੀ ਹੈ, ਤਾਂ ਕਾਉਂਟੀ ਤੁਹਾਡੇ ਲਈ ਫੀਸ ਅਦਾ ਕਰ ਸਕਦੀ ਹੈ।
- ਜੇ ਸਬੂਤ ਮੌਜੂਦ ਨਹੀਂ ਹੈ, ਤਾਂ ਸ਼ਾਇਦ ਤੁਸੀਂ ਹਲਫ਼ਨਾਮੇ 'ਤੇ ਦਸਤਖ਼ਤ ਕਰ ਸਕੋ। (ਹਲਫ਼ਨਾਮੇ ਦੀ ਇਜਾਜ਼ਤ ਸਿਰਫ ਕੁਝ ਖਾਸ ਕਿਸਮ ਦੇ ਸਬੂਤਾਂ ਲਈ ਹੈ।)
- **ਸਿਰਫ CalFresh ਲਈ:** ਜੇ ਤੁਸੀਂ ਸਬੂਤ ਪ੍ਰਾਪਤ ਨਹੀਂ ਕਰ ਸਕਦੇ ਹੋ ਤਾਂ ਕਾਉਂਟੀ ਦੁਆਰਾ ਤੁਹਾਡੇ ਪਰਿਵਾਰ ਤੋਂ ਬਾਹਰ ਕਿਸੇ ਵਿਅਕਤੀ, ਜਿਸ ਕੋਲ ਜਾਣਕਾਰੀ ਹੈ (ਸਮਰਥਕ ਸੰਪਰਕ) ਨਾਲ ਸੰਪਰਕ ਕੀਤਾ ਜਾ ਸਕਦਾ ਹੈ। (ਸਮਰਥਕ ਸੰਪਰਕ ਦੀ ਇਜਾਜ਼ਤ ਸਿਰਫ ਕੁਝ ਖਾਸ ਕਿਸਮ ਦੇ ਸਬੂਤਾਂ ਲਈ ਹੁੰਦੀ ਹੈ।)

**ਜੇ ਉੱਪਰ ਦਿੱਤੀ ਗਈ ਨਿਯਤ ਮਿਤੀ ਤਕ ਸਾਨੂੰ ਤੁਹਾਡਾ ਸਬੂਤ ਜਾਂ ਜਵਾਬ ਨਹੀਂ ਮਿਲਦਾ ਹੈ, ਤਾਂ ਸ਼ਾਇਦ ਸਾਨੂੰ ਤੁਹਾਡੇ ਬੈਨਿਫ਼ਿਟ ਦੇਣ ਤੋਂ ਮਨ੍ਹਾਂ ਕਰਨਾ ਪਵੇ, ਘਟਾਉਣਾ ਪਵੇ ਜਾਂ ਬੰਦ ਕਰਨਾ ਪਵੇ।**

ਤੁਸੀਂ ਸਾਨੂੰ ਵਿਅਕਤੀਗਤ ਤੌਰ 'ਤੇ ਜੋ ਕੋਈ ਵੀ ਦਸਤਾਵੇਜ਼ ਦਿੰਦੇ ਹੋ ਉਸਦੇ ਲਈ ਤੁਸੀਂ ਰਸੀਦ ਲੈ ਸਕਦੇ ਹੋ। ਤੁਹਾਡੇ ਰਿਕਾਰਡਾਂ ਲਈ, ਇਸ ਫਾਰਮ ਅਤੇ ਤੁਹਾਡੇ ਦੁਆਰਾ ਸਾਨੂੰ ਡਾਕ ਰਾਹੀਂ ਭੇਜੇ ਗਏ ਕਿਸੇ ਵੀ ਸਬੂਤ ਦੀ ਇੱਕ ਕਾਪੀ ਰੱਖੋ।

# ਤਸਦੀਕ ਦੀਆਂ ਕਿਸਮਾਂ/ਸਬੂਤ ਦੇ ਸ੍ਰੋਤ

**ਹੇਠਾਂ ਸਬੂਤ ਦੀਆਂ ਕਿਸਮਾਂ ਦੀਆਂ ਉਦਾਹਰਨਾਂ ਦਿੱਤੀਆਂ ਗਈਆਂ ਹਨ – ਤੁਹਾਨੂੰ ਸੂਚੀ ਵਿੱਚ ਦਿੱਤਾ ਗਿਆ ਹਰੇਕ ਦਸਤਾਵੇਜ਼ ਮੁਹੱਈਆ ਕਰਨ ਦੀ ਲੋੜ ਨਹੀਂ ਹੈ। ਜੇ ਤੁਹਾਡੇ ਕੋਲ ਹੋਰ ਕਿਸਮਾਂ ਦੇ ਸਬੂਤ ਹਨ ਜੋ ਸੂਚੀ ਵਿੱਚ ਨਹੀਂ ਦਿੱਤੇ ਗਏ ਹਨ, ਤਾਂ ਕਿਰਪਾ ਕਰਕੇ ਆਪਣੇ ਵਰਕਰ ਨੂੰ ਫੋਨ ਕਰੋ।**

## 1 ਜਨਮ/ਨਾਗਰਿਕਤਾ

- ਜਨਮ ਸਰਟੀਫਿਕੇਟ (Medi-Cal ਲਈ ਮੂਲ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ)
- ਅਮਰੀਕੀ ਪਾਸਪੋਰਟ
- ਰਾਸ਼ਟਰੀਕਰਨ ਦਾ ਸਰਟੀਫਿਕੇਟ
- ਬਪਤਿਸਮਾ ਸਰਟੀਫਿਕੇਟ *(ਜਨਮ ਦੀ ਮਿਤੀ ਅਤੇ ਸਥਾਨ ਦੇ ਨਾਲ)*
- ਜਨਮ ਦੇ ਗਵਾਹ ਦਾ ਬਿਆਨ

## 2 ਆਮਦਨ

- 30 ਦਿਨਾਂ ਦੀਆਂ ਤਨਖਾਹ ਦੀ ਪਰਚੀ(ਆਂ)
- ਕੁੱਲ ਤਨਖਾਹ, ਕੰਮ ਕੀਤੇ ਘੰਟਿਆਂ, ਆਦਿ ਦੇ ਨਾਲ ਤੁਹਾਡੇ ਰੁਜ਼ਗਾਰਦਾਤਾ ਤੋਂ ਚਿੱਠੀ
- ਬਾਲ ਸਹਾਇਤਾ ਚੈੱਕ ਜਾਂ ਭੁਗਤਾਨ ਦੀ ਪਰਚੀ ਦੀ ਕਾਪੀ
- ਬੈਨਿਫ਼ਿਟ ਦਿੱਤੇ ਜਾਣ ਦੀ ਚਿੱਠੀ *(ਸਮਾਜਕ ਸੁਰੱਖਿਆ/ਸਾਬਕਾ ਫੌਜੀ/ਬੇਰੁਜ਼ਗਾਰੀ/ਅਸਮਰਥਤਾ, ਆਦਿ)*
- ਸਵੈ-ਰੁਜ਼ਗਾਰ ਦੇ ਟੈਕਸ ਫਾਰਮ *(IRS ਸ਼ੈਡਿਊਲ C, ਆਦਿ)*
- ਜੇ ਤੁਸੀਂ ਸਵੈ-ਰੁਜ਼ਗਾਰ ਵਿੱਚ ਹੋ ਤਾਂ ਕੰਮ ਦੇ ਖਰਚਿਆਂ ਦੀਆਂ ਰਸੀਦਾਂ
- ਸਕੂਲ ਗ੍ਰਾਂਟਾਂ/ਲੋਨ/ਵਿੱਤੀ ਸਹਾਇਤਾ ਦੇ ਬਿਆਨ
- ਪ੍ਰਾਯੋਜਕ ਬਿਆਨ ਫਾਰਮ

## 3 ਇਮੀਗ੍ਰੇਸ਼ਨ ਦਰਜਾ *(ਗੈਰ–ਨਾਗਰਿਕ)*

- ਇਮੀਗ੍ਰੇਸ਼ਨ ਕਾਗਜ਼ਾਤ/ਫਾਰਮ/ਕਾਰਡ *(ਦੋਵਾਂ ਪਾਸਿਆਂ ਦੀ ਕਾਪੀ)*
- ਇਮੀਗ੍ਰੇਸ਼ਨ ਦੇ ਦੂਸਰੇ ਸਬੂਤ *(USCIS)*, ਜਿਵੇਂ ਕਿ: ਕੰਮ ਕਰਨ ਦਾ ਅਧਿਕਾਰ, ਫੈਸਲੇ ਦੀ ਚਿੱਠੀ ਜਾਂ ਅਦਾਲਤ ਦਾ ਆਦੇਸ਼, ਆਦਿ

## 4 ਸੰਪਤੀ/ਸ੍ਰੋਤ

- ਵਾਹਨ ਰਜਿਸਟ੍ਰੇਸ਼ਨ
- ਲੋਨਾਂ ਜਾਂ ਕਰਜ਼ਿਆਂ ਦਾ ਸਬੂਤ/ਸੰਪਤੀ ਦੇ ਗ੍ਰਹਿਣ ਅਧਿਕਾਰ
- ਸੰਯੁਕਤ ਮਲਕੀਅਤ ਦੇ ਬਿਆਨ
- ਮੌਰਗੇਜ ਦਾ(ਦੇ) ਬਿਲ
- ਸੰਪਤੀ ਦਾ ਪਟਾ
- ਬੈਂਕ ਸਟੇਟਮੈਂਟਾਂ
- ਜੀਵਨ ਬੀਮਾ ਪਾਲਿਸੀ, ਸ਼ੇਅਰ, ਬੌਂਡ, IRAs
- ਸਭ ਤੋਂ ਹਾਲੀਆ ਰਿਟਾਇਰਮੈਂਟ ਖਾਤੇ ਦਾ(ਦੇ) ਬਿਆਨ
- ਪ੍ਰਾਯੋਜਕ ਬਿਆਨ ਫਾਰਮ
- ਸੈਟਲਮੈਂਟਾਂ ਜਿਵੇਂ ਕਿ ਕਾਨੂੰਨੀ ਮੁਕੱਦਮੇ ਅਤੇ ਬੀਮੇ ਦੇ ਦਾਅਵੇ
- ਦਫ਼ਨਾਉਣ ਦਾ ਪਲਾਟ/ਗਿਰਜੇ ਦਾ ਭੌਰਾ

## 5 ਦੂਸਰੇ ਸਬੂਤ

- ਬਾਲ/ਨਿਰਭਰ ਵਿਅਕਤੀ ਦੀ ਦੇਖਭਾਲ ਦੀਆਂ ਰਸੀਦਾਂ
- ਬਾਲ/ਨਿਰਭਰ ਵਿਅਕਤੀ ਦੇ ਪ੍ਰਦਾਤਾ ਤੋਂ ਸਟੇਟਮੈਂਟਾਂ
- ਸਕੂਲ ਦੇ ਖ਼ਰਚਿਆਂ ਲਈ ਰਸੀਦਾਂ
- ਰੱਦ ਕੀਤੇ ਚੈੱਕ/ਬਾਲ/ਪਤੀ-ਪਤਨੀ ਸਹਾਇਤਾ ਭੁਗਤਾਨਾਂ ਲਈ ਰਸੀਦਾਂ
- ਮੌਤ ਦਾ ਸਰਟੀਫਿਕੇਟ, ਮੌਤ ਦੀ ਖ਼ਬਰ, ਮੌਤ ਬਾਰੇ ਗਵਾਹ ਦਾ ਬਿਆਨ
- ਅਦਾਲਤ ਦੇ ਕਾਗਜ਼ਾਤ *(ਬਾਲ ਸਹਾਇਤਾ ਜਾਂ ਪਤੀ-ਪਤਨੀ ਸਹਾਇਤਾ ਆਰਡਰ)*
- ਸਕੂਲ ਹਾਜ਼ਰੀ ਦੇ ਰਿਕਾਰਡ

## 6 ਪਛਾਣ

- ਡ੍ਰਾਈਵਰ ਦਾ ਲਾਇਸੈਂਸ ਜਾਂ ਪਛਾਣ ਕਾਰਡ
- ਫੋਟੋ ਆਈਡੀ *(ਸਰਕਾਰੀ ਏਜੰਸੀ, ਸਕੂਲ, ਆਦਿ ਤੋਂ)*
- ਪਾਸਪੋਰਟ
- USCIS (INS) ਦਸਤਾਵੇਜ਼

## 7 ਰਿਸ਼ਤਾ

- ਵਿਆਹ ਦਾ ਸਰਟੀਫਿਕੇਟ
- ਘਰੇਲੂ ਸਾਥੀ (ਡੋਮੈਸਟਿਕ ਪਾਰਟਨਰ) ਸਰਟੀਫਿਕੇਟ
- ਜਨਮ ਸਰਟੀਫਿਕੇਟ
- ਅਦਾਲਤ ਦੇ ਕਾਗਜ਼ਾਤ *(ਤਲਾਕ, ਸਰਪ੍ਰਸਤੀ, ਆਦਿ)*

## 8 ਰਿਹਾਇਸ਼ ਅਤੇ ਸਹੂਲਤ ਖ਼ਰਚੇ

- ਕਿਰਾਏ ਦਾ ਸਮਝੌਤਾ ਜਾਂ ਕਿਰਾਏ ਦੀਆਂ ਰਸੀਦਾਂ
- ਮੌਰਗੇਜ (ਗਿਰਵੀਨਾਮੇ) ਦਾ ਬਿਲ
- ਸਹੂਲਤ ਦਾ ਬਿੱਲ
- ਪ੍ਰਾਪਰਟੀ ਟੈਕਸ ਦੀ ਸਟੇਟਮੈਂਟ
- ਘਰ ਜਾਂ ਕਿਰਾਏਦਾਰ ਦੇ ਬੀਮੇ ਦਾ ਬਿਲ
- ਹੋਟਲ/ਮੋਟਲ ਰਸੀਦ
- ਰੱਦ ਕੀਤੇ ਚੈੱਕ ਜਾਂ ਕਾਪੀਆਂ
- ਰਿਹਾਇਸ਼ ਦੇ ਪ੍ਰਬੰਧ ਦੀ ਵਿਆਖਿਆ ਕਰਦੀ ਸਟੇਟਮੈਂਟ

## 9 ਰਿਹਾਇਸ਼

- ਤੁਹਾਡੇ ਪਤੇ 'ਤੇ ਭੇਜਿਆ ਗਿਆ ਡਾਕਖ਼ਾਨੇ ਦੀ ਮੁਹਰ ਵਾਲਾ ਲਿਫਾਫਾ ਜਾਂ ਪੋਸਟਕਾਰਡ
- ਸਹੂਲਤ ਦਾ ਬਿਲ
- ਕਿਰਾਏਦਾਰੀ ਸਮਝੌਤਾ
- ਤੁਹਾਡੇ ਨਾਮ ਅਤੇ ਪਤੇ ਦੇ ਨਾਲ ਬਿਲ ਜਾਂ ਦੂਸਰੇ ਦਸਤਾਵੇਜ਼
- ਡ੍ਰਾਈਵਰਾਂ ਦਾ ਲਾਇਸੈਂਸ ਜਾਂ ਪਛਾਣ ਕਾਰਡ
- ਘਰ ਖਾਲੀ ਕਰਨ ਦਾ ਨੋਟਿਸ/ਕਿਰਾਇਆ ਦੇਣ ਜਾਂ ਘਰ ਛੱਡ ਦੇਣ ਦਾ ਨੋਟਿਸ

## 10 ਮੈਡੀਕਲ ਖ਼ਰਚੇ

- ਮੈਡੀਕਲ ਬਿਲ ਜਾਂ ਰਸੀਦਾਂ
- ਮੈਡੀਕਲ ਆਵਾਜਾਈ ਦੇ ਬਿਲ ਜਾਂ ਰਸੀਦਾਂ
- ਸਿਹਤ ਜਾਂ ਦੰਦਾਂ ਸੰਬੰਧੀ ਬੀਮਾ ਪਾਲਿਸੀਆਂ ਜਾਂ ਪ੍ਰੀਮਿਅਮ
- ਮੈਡੀਕੇਅਰ ਕਾਰਡ *(ਸਿਰਫ Medi-Cal ਲਈ)*

## 11 ਮੈਡੀਕਲ ਤਸਦੀਕ

- ਡਾਕਟਰ ਜਾਂ ਕਲੀਨਿਕ ਤੋਂ ਗਰਭ-ਅਵਸਥਾ ਦਾ ਸਬੂਤ, ਜਨਮ ਦੀ ਸੰਭਾਵੀ ਮਿਤੀ ਦੇ ਨਾਲ
- ਡਾਕਟਰ ਦਾ ਬਿਆਨ ਜਾਂ ਕਿਸੇ ਏਜੰਸੀ ਵੱਲੋਂ ਅਸਮਰਥਤਾ ਸੰਬੰਧੀ ਵਿੱਤੀ ਸਹਾਇਤਾ *(SSA/SDI/VA, ਆਦਿ)*
- ਡਾਕਟਰੀ ਪੁਸ਼ਟੀਕਰਣ ਫਾਰਮ (CW 61)

## 12 ਟੀਕਾਕਰਨ ਦੇ ਰਿਕਾਰਡ *(6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ)*

- ਮੁਹਰ ਵਾਲਾ ਟੀਕੇ ਦਾ ਰਿਕਾਰਡ/ਟੀਕਾਕਰਨ ਕਾਰਡ
- ਇਹ ਬਿਆਨ ਕੀ ਟੀਕਾਕਰਨ ਤੁਹਾਡੇ ਧਰਮ ਦੇ ਵਿਰੁੱਧ ਹਨ
- ਮਾਤਾ/ਪਿਤਾ ਜਾਂ ਦੇਖਭਾਲ ਕਰਨ ਵਾਲੇ ਤੋਂ ਇਹ ਵਿਆਖਿਆ ਕਰਦਾ ਹੋਇਆ ਬਿਆਨ ਕਿ ਤੁਸੀਂ ਟੀਕੇ ਕਿਉਂ ਨਹੀਂ ਲਗਵਾ ਸਕਦੇ
- ਡਾਕਟਰ ਵੱਲੋਂ ਬਿਆਨ ਕਿ ਟੀਕੇ ਉਪਲਬਧ ਨਹੀਂ ਹਨ

# ਜਾਣਕਾਰੀ ਦਾ ਖੁਲਾਸਾ ਕਰਨ ਲਈ ਅਧਿਕਾਰ
## **ਚੋਣਵਾਂ ਫਾਰਮ**

ਜੇ ਤੁਹਾਨੂੰ ਉਹ ਸਬੂਤ ਨਹੀਂ ਮਿਲਦਾ ਜਿਸਦੀ ਤੁਹਾਨੂੰ ਲੋੜ ਹੈ, ਤਾਂ ਸ਼ਾਇਦ ਅਸੀਂ ਤੁਹਾਡੇ ਲਈ ਇਹ ਹਾਸਲ ਕਰ ਸਕੀਏ। ਇਸ ਫਾਰਮ ਨੂੰ ਭਰੋ ਅਤੇ ਇਸਨੂੰ ____________________ ਤਕ ਆਪਣੇ ਵਰਕਰ ਨੂੰ ਭੇਜ ਦਿਓ। ਤੁਹਾਨੂੰ ਇਹ ਫਾਰਮ ਸਿਰਫ ਤਾਂ ਭਰਨ ਦੀ ਲੋੜ ਹੈ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਲੋੜ ਦਾ ਸਬੂਤ ਪ੍ਰਾਪਤ ਕਰਨ ਲਈ ਕਾਉਂਟੀ ਤੁਹਾਡੇ ਵਾਸਤੇ ਕਿਸੇ ਨਾਲ ਸੰਪਰਕ ਕਰੇ।

ਜੇ ਇਸ ਫਾਰਮ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਜਾਂ ਇਸਨੂੰ ਭਰਨ ਵਿੱਚ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਵਰਕਰ ਨੂੰ ਪੁੱਛੋ। ਤੁਸੀਂ ਆਪਣੇ ਵਰਕਰ ਕੋਲੋਂ ਵਧੇਰੇ ਕਾਪੀਆਂ ਮੰਗ ਸਕਦੇ ਹੋ। ਹਰੇਕ ਵਿਅਕਤੀ ਜਾਂ ਸੰਪਰਕ ਕੀਤੇ ਜਾਣ ਵਾਲੀ ਹਰੇਕ ਏਜੰਸੀ ਲਈ ਵੱਖਰਾ "ਜਾਣਕਾਰੀ ਸਪੁਰਦ ਕਰਨ ਲਈ ਅਧਿਕਾਰ" ਫਾਰਮ ਵਰਤੋ।

ਵੱਲ:______________________________________________,

ਮੈਂ, ______________________________________________, ____________________________________________________________ ਵਿਖੇ
(ਸਾਫ਼ ਅੱਖਰਾਂ ਵਿੱਚ ਨਾਮ) (ਪਤਾ)

__________________________________________ ਦੁਆਰਾ __________________________________ ਨੂੰ
(ਏਜੰਸੀ, ਸੰਸਥਾ, ਵਿਅਕਤੀਗਤ ਪ੍ਰਦਾਤਾ ਦਾ ਨਾਮ) (ਕਾਉਂਟੀ ਸੋਸ਼ਲ ਸਰਵਿਸਿਜ਼ ਡਿਪਾਰਟਮੈਂਟ)

__________________________________________________________________________ ਦੇ ਬਾਰੇ ਜਾਣਕਾਰੀ ਦਿੱਤੇ ਜਾਣ ਦੀ ਆਗਿਆ ਦਿੰਦਾ/ਦਿੰਦੀ ਹਾਂ।

ਇਹ ਆਗਿਆ ____________________ ਤਕ, ਜਾਂ ਜੇ ਕੋਈ ਮਿਤੀ ਨਹੀਂ ਦਿੱਤੀ ਗਈ ਹੈ ਤਾਂ ਦਸਤਖਤ ਕਰਨ ਦੀ ਮਿਤੀ ਤੋਂ 60 ਦਿਨਾਂ ਬਾਅਦ ਸਮਾਪਤ ਹੋ ਜਾਂਦੀ ਹੈ।
(ਮਿਤੀ)

(ਦਸਤਖਤ ਕਰਨ ਤੋਂ ਪਹਿਲਾਂ ਫਾਰਮ ਭਰੋ।)

| ਬਿਨੈਕਾਰ/ਪ੍ਰਾਪਤਕਰਤਾ ਦੇ ਦਸਤਖਤ | ਮਿਤੀ |
|---|---|
| | |

ਜੇ ਇਹ ਕਿਸੇ ਨਾਬਾਲਗ ਦੀ ਜਾਣਕਾਰੀ ਲਈ ਹੈ, ਤਾਂ ਨਾਬਾਲਗ ਨਾਲ ਰਿਸ਼ਤਾ ਦਾਖਲ ਕਰੋ